Punjabi

# ਕੀ ਤੁਸੀਂ ਜਾਣਦੇ ਹੋ?...



## ਤੁਸੀਂ ਹੁਣ ਆਪਣੇ ਅਣਜੰਮੇ ਬੱਚੇ ਨੂੰ ਜਨਮ ਦੇ ਪਹਿਲੇ ਦਿਨ ਤੋਂ ਹੀ **ਕਾਲੀ ਖਾਂਸੀ** ਤੋਂ ਬਚਾ ਸਕਦੇ ਹੋ।

- ਸੱਟਡੀਜ਼ ਵਿਚ ਇਹ ਪਾਇਆ ਗਿਆ ਕੀ ਗਰਭ ਦੌਰਾਨ ਕਾਲੀ ਖਾਂਸੀ ਦਾ ਟੀਕਾਕਰਨ ਮਾਂ ਅਤੇ ਬੱਚੇ ਦੋਹਾਂ ਲਈ ਸੁਰੱਖਿਅਤ ਅਤੇ ਅਸਰਦਾਰ ਹੈ।
- ਗਰਭ ਦੌਰਾਨ ਟੀਕਾਕਰਨ (28 ਵੇਂ ਹਫਤੇ ਨੂੰ ਤਰਜੀਹ ਦਿਤੀ ਜਾਂਦੀ ਹੈ) ਦਾ ਮਤਲੱਬ ਹੈ ਕੀ ਤੁਹਾਡਾ ਸ਼ਰੀਰ ਰੋਗਨਾਸ਼ਕ ਪੈਦਾ ਕਰਦਾ ਹੈ ਜੋ ਕੀ ਤੁਹਾਡੇ ਬੱਚੇ ਵਿਚ ਜਨਮ ਤੋਂ ਪਹਿਲਾਂ ਚਲੇ ਜਾਂਦੇ ਹਨ। ਇਹ ਰੋਗਨਾਸ਼ਕ ਤੁਹਾਡੇ ਬੱਚੇ ਦੀ ਉਦੋਂ ਤੱਕ ਰੱਖਿਆ ਕਰਨਗੇ ਜਦੋਂ ਤੱਕ ਉਹ ਉਮਰ ਦੇ 6 ਵੇਂ ਹਫਤੇ ਤੇ ਆਪਣੇ ਟੀਕੇ ਨੂੰ ਪ੍ਰਾਪਤ ਕਰਨ ਲਈ ਤਿਆਰ ਨਹੀ ਹੋ ਜਾਂਦਾ।
- ਕਾਲੀ ਖਾਂਸੀ ਇਕ ਬਹੁਤ ਹੀ ਛੂਤ ਵਾਲਾ ਜਰਾਸੀਮੀ ਰੋਗ ਹੈ ਜਿਸ ਨਾਲ ਖੰਘ ਦੇ ਗੰਭੀਰ ਦੌਰੇ ਪੈਂਦੇ ਹਨ। ਇਸ ਨਾਲ ਕੋਈ ਵੀ ਪ੍ਰਭਾਵਿਤ ਹੋ ਸੱਕਦਾ ਹੈ, ਪਰ ਇਹ ਛੋਟੇ ਬੱਚਿਆਂ ਵਿੱਚ ਜਿਆਦਾਂ ਗੰਭੀਰ ਹੁੰਦੀ ਹੈ (ਅਤੇ ਘਾਤਕ ਹੋ ਸਕਦੀ ਹੈ) ਖਾਸ ਕਰਕੇ ਜੋ ਟੀਕਾਕਰਨ ਲਈ ਬਹੁਤ ਛੋਟੇ ਹਨ।
- ਇਹ ਯਕੀਨੀ ਬਨਾਉਣਾ ਵੀ ਜਰੂਰੀ ਹੈ ਕੀ ਤੁਹਾਡੇ ਪਰਿਵਾਰਕ ਜੀਅ ਜੋ ਤੁਹਾਡੇ ਬੱਚੇ ਨਾਲ ਸੰਪਰਕ ਵਿੱਚ ਆਉਣਗੇ ਉਹ ਕਾਲੀ ਖਾਂਸੀ ਦੇ ਖਿਲਾਫ ਸੁਰੱਖਿਅਤ ਹਨ। ਇਹ ਯਕੀਨੀ ਬਨਾਉ ਕੀ ਤੁਹਾਡੇ ਹੋਰ ਬੱਚਿਆਂ ਨੇ ਆਪਣੇ ਸਾਰੇ ਟੀਕੇ ਸਹੀ ਵਖਤ ਤੇ ਲਏ ਹਨ ਅਤੇ ਬੱਚੇ ਦੀ ਦੇਖ ਭਾਲ ਕਰਨ ਵਾਲੇ ਅਤੇ ਕਰੀਬੀ ਪਰਿਵਾਰਕ ਜੀਆਂ ਨੂੰ ਜਿਨ੍ਹਾਂ ਨੇ ਪਿਛੱਲੇ 10 ਸਾਲਾਂ ਵਿੱਚ ਕਾਲੀ ਖਾਂਸੀ ਦਾ ਟੀਕਾ ਨਹੀ ਲਿਆ ਇਹ ਯਕੀਨੀ ਬਨਾਉਣ ਲਈ ਕਹੋ ਕੀ ਉਹ ਤੁਹਾਡੇ ਬੱਚੇ ਨਾਲ ਸੰਪਰਕ ਦੇ ਘੱਟੋ-ਘੱਟ ਦੋ ਹਫਤੇ ਪਹਿਲਾਂ ਕਾਲੀ ਖਾਂਸੀ ਦਾ ਟੀਕਾ ਜ਼ਰੂਰ ਲੈ ਲੈਣ।
- ਜੇਕਰ ਤੁਸੀ ਗਰਭਵਤੀ ਹੋਣ ਦੀ ਸੋਚ ਰਹੇ ਹੋ ਜਾਂ ਪਹਿਲਾਂ ਤੋਂ ਗਰਭਵਤੀ ਹੋ ਤਾਂ ਆਪਣੇ ਡਾਕਟਰ, ਐਬਰਿਜਨਲ (ਆਦਿਵਾਸੀ) ਮੈਡੀਕਲ ਸਰਵਿਸ, ਜਾਂ ਹੋਰ ਸੇਵਾਵਾਂ ਦੇਣ ਵਾਲੇ ਨਾਲ, ਤੁਸੀ ਗਰਭ ਦੌਰਾਨ ਕਿਹੜਾ ਟੀਕਾ ਲੈ ਸਕਦੇ ਹੋ ਇਸ ਬਾਰੇ ਗੱਲ ਕਰੋ।

| ਟੀਕਾਕਰਨ | ਸੁਝਾਅ |
|---|---|
| **ਕਾਲੀ ਖਾਂਸੀ** | ਗਰਭਵਤੀ ਔਰਤਾਂ ਗਰਭ ਦੀ ਤੀਜੀ ਤਿਮਾਹੀ ਵਿੱਚ (28 ਵੇਂ ਹਫਤੇ ਨੂੰ ਤਰਜੀਹ ਦਿਤੀ ਜਾਂਦੀ ਹੈ) |
| **ਫਲੂ** | ਗਰਭਵਤੀ ਔਰਤਾਂ ਗਰਭ ਦੌਰਾਨ ਕਿਸੇ ਵੀ ਸਮੇਂ, ਖਾਸ ਕਰ ਉਹ ਔਰਤਾਂ ਜੋ ਫਲੂ ਦੇ ਮੌਸਮ ਦੌਰਾਨ ਦੂਜੀ ਜਾਂ ਤੀਜੀ ਤਿਮਾਹੀ ਵਿੱਚ ਹੋਣ ਗਿਆਂ |

NSW GOVERNMENT | Health

**health.nsw.gov.au/protectnewborns ਤੇ ਜਾਓ**

## ਗਰਭ ਦੌਰਾਨ ਟੀਕਾਕਰਨ ਕਿਨਾਂ ਪ੍ਰਭਾਵਸ਼ਾਲੀ ਹੈ?

ਗਰਭ ਦੌਰਾਨ ਟੀਕਾਕਰਨ ਤੋਂ ਬਿਨਾਂ ਇੱਕ ਵੱਡੇ ਹਸਪਤਾਲ ਵਿੱਚ ਹਰ ਸਾਲ ਹੋਣ ਵਾਲੇ ਬੱਚਿਆਂ ਵਿਚੋਂ **50** ਕਾਲੀ ਖਾਂਸੀ ਨਾਲ ਬਿਮਾਂਰ ਹੋ ਜਾਂਣਗੇ ਇਹਨਾਂ ਵਿੱਚੋਂ **40** ਨੂੰ ਬਿਮਾਂਰੀ ਕਰਕੇ ਹਸਪਤਾਲ ਵਿੱਚ ਦਾਖਲ ਕਰਨਾਂ ਪਏਗਾ।

ਜੇਕਰ ਹਸਪਤਾਲ ਵਿੱਚ ਜਨਮ ਦੇਣ ਵਾਲਿਆਂ ਸਾਰੀਆਂ ਔਰਤਾਂ ਨੇ ਗਰਭ ਦੌਰਾਨ ਟੀਕਾਕਰਨ ਕੀਤਾ ਹੋਵੇ ਤਾਂ ਸਾਲ ਵਿੱਚ ਸਿਰਫ **4** ਬੱਚਿਆਂ ਨੂੰ ਹੀ ਕਾਲੀ ਖਾਂਸੀ ਹੋਵੇਗੀ।

### *ਕਾਲੀ ਖਾਂਸੀ ਗਰਭ ਦੌਰਾਨ ਟੀਕਾਕਰਨ ਦੇ ਬਗੈਰ*



### *ਕਾਲੀ ਖਾਂਸੀ ਗਰਭ ਦੌਰਾਨ ਟੀਕਾਕਰਨ ਦੇ ਨਾਲ*





## ਤੁਹਾਡੇ ਬੱਚੇ ਦੇ ਜਨਮ ਤੋਂ ਬਾਅਦ

### ਫੋਨ ਐਪ 'ਸੇਵ ਦੀ ਡੇਟ ਟੂ ਵੈਕਸਿਨੇਟ' ('Save the Date to Vaccinate') ਡਾਊਨਲੋਡ ਕਰੋ

'ਸੇਵ ਦੀ ਡੇਟ ਟੂ ਵੈਕਸਿਨੇਟ' ਫੋਨ ਐਪ ਤੁਹਾਨੂੰ ਵਿਅਕਤੀਗਤ ਟੀਕਾਕਰਨ ਦੀ ਸੂਚੀ ਪ੍ਰਦਾਨ ਕਰਦਾ ਹੈ ਅਤੇ ਜਦੋਂ ਤੁਹਾਡੇ ਬੱਚੇ ਦੇ ਟੀਕਾਕਰਨ ਦਾ ਸਮਾਂ ਆਉਂਦਾ ਹੈ ਤਾਂ ਤੁਹਾਨੂੰ ਯਾਦ-ਦਹਾਨੀਆਂ ਪ੍ਰਦਾਨ ਕਰਦਾ ਹੈ। ਤੁਸੀਂ ਲਾਭਦਾਇਕ ਟੀਕਾਕਰਨ ਜਾਨਕਾਰੀ ਲਈ, ਜਿਸ ਵਿੱਚ ਕਈ ਤਰ੍ਹਾਂ ਦੇ ਵੀਡਿਓ ਵੀ ਸ਼ਾਮਲ ਹਨ, 'ਸੇਵ ਦੀ ਡੇਟ ਟੂ ਵੈਕਸਿਨੇਟ' ਦੀ ਵੈਬਸਾਈਟ **www.immunisation.health.nsw.gov.au** ਤੇ ਜਾ ਸਕਦੇ ਹੋ।




ANDROID

IPHONE

NSW GOVERNMENT | Health

SHPN (CHP) 150135

**health.nsw.gov.au/protectnewborns ਤੇ ਜਾਓ**